# ਮੁਕੱਦਮਾ ਦਾਇਰ ਕਰਨ ਦੇ ਅਧਿਕਾਰ ਦਾ ਨੋਟਿਸ ਪ੍ਰਾਪਤ ਕਰਨ ਲਈ ਹਿਦਾਇਤਾਂ

ਫੇਅਰ ਇੰਪਲੋਇਮੈਂਟ ਐਂਡ ਹਾਊਸਿੰਗ ਐਕਟ (FEHA) ਤਹਿਤ ਇੱਕ ਮੁਕੱਦਮਾ ਦਾਇਰ ਕਰਨ ਲਈ, ਤੁਹਾਨੂੰ ਇੱਕ ਸ਼ਿਕਾਇਤ ਦਾਇਰ ਕਰਨੀ ਚਾਹੀਦੀ ਹੈ ਅਤੇ ਫੇਅਰ ਇੰਪਲੋਇਮੈਂਟ ਐਂਡ ਹਾਊਸਿੰਗ (FEHA) ਵਿਭਾਗ ਤੋਂ ਮੁਕੱਦਮਾ ਕਰਨ ਦੇ ਅਧਿਕਾਰ ਦਾ ਇੱਕ ਨੋਟਿਸ ਪ੍ਰਾਪਤ ਕਰਨਾ ਚਾਹੀਦਾ ਹੈ।

**ਜੇਕਰ ਤੁਸੀਂ ਮੁਕੱਦਮਾ ਕਰਨ ਦੀ ਪ੍ਰਕਿਰਿਆ ਦੀ ਵਰਤੋਂ ਕਰਕੇ ਸ਼ਿਕਾਇਤ ਦਾਇਰ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਇਨ੍ਹਾਂ ਬਾਰੇ ਜਾਣੂ ਹੋਣ ਚਾਹੀਦਾ ਹੈ:**

1. ਇੱਕ ਵਾਰੀ ਜਦੋਂ DFEH ਨੇ ਤੁਹਾਨੂੰ ਮੁਕੱਦਮਾ ਕਰਨ ਦੇ ਅਧਿਕਾਰ ਦਾ ਨੋਟਿਸ ਜਾਰੀ ਕਰ ਦਿੱਤਾ ਹੋਵੇ, ਤਾਂ DFEH ਤੁਹਾਡੀ ਸ਼ਿਕਾਇਤ ਦੀ ਤਫ਼ਤੀਸ਼ ਨਹੀਂ ਕਰੇਗੀ।
2. ਤੁਹਾਡੇ ਕੋਲ ਇੱਕ ਮੁਕੱਦਮਾ ਦਾਇਰ ਕਰਨ ਲਈ ਆਪਣੇ ਮੁਕੱਦਮਾ ਕਰਨ ਦੇ ਅਧਿਕਾਰ ਦੇ ਨੋਟਿਸ ਦੀ ਮਿਤੀ ਤੋਂ ਇੱਕ ਸਾਲ ਹੁੰਦਾ ਹੈ।
3. ਇੱਕ ਮੁਕੱਦਮਾ ਦਾਇਰ ਕਰਨ ਲਈ ਤੁਹਾਡੇ ਕੋਲ ਵਕੀਲ ਹੋਣਾ ਚਾਹੀਦਾ ਹੈ। ਜੇਕਰ ਤੁਹਾਡੀ ਕਿਸੇ ਵਕੀਲ ਨਾਲ ਸਲਾਹ ਮਸ਼ਵਰਾ ਕਰਨ ਦੀ ਇੱਛਾ ਹੋਵੇ, ਤਾਂ ਤੁਸੀਂ ਕਾਨੂੰਨੀ ਰੈਫ਼ਰਲ ਸੰਸਾਧਨਾਂ ਲਈ ਕੈਲੀਫੋਰਨੀਆ ਸਟੇਟ ਬਾਰ ਦੀ ਵੈੱਬਸਾਈਟ www.calbar.ca.gov ਦੇਖਣ ਲਈ ਇੱਛਾ ਕਰ ਸਕਦੇ ਹੋ।
4. DFEH ਤੁਹਾਡੀ ਸ਼ਿਕਾਇਤ ਨੂੰ ਯੂ.ਐਸ. ਇਕੁਅਲ ਇੰਪਲੋਇਮੈਂਟ ਅਪੋਰਚੂਨਿਟੀ ਕਮਿਸ਼ਨ (EEOC) ਕੋਲ ਦਾਇਰ ਨਹੀਂ ਕਰੇਗੀ। ਮੁਕੱਦਮਾ ਕਰਨ ਦੇ ਅਧਿਕਾਰ ਲਈ ਇੱਕ ਫੈਡਰਲ ਨੋਟਿਸ ਪ੍ਰਾਪਤ ਕਰਨ ਲਈ, ਤੁਹਾਨੂੰ EEOC ਨਾਲ www.eeoc.gov 'ਤੇ ਜਾਂ (800) 669-4000 'ਤੇ ਜਾਂ TTY (800) 669-6820 'ਤੇ ਸੰਪਰਕ ਕਰਨਾ ਚਾਹੀਦਾ ਹੈ।

- ਇੱਕ ਮੁਕੱਦਮਾ ਦਾਇਰ ਕਰਨ ਲਈ ਮੁਕੱਦਮਾ ਕਰਨ ਦੇ ਅਧਿਕਾਰ ਦਾ ਨੋਟਿਸ ਪ੍ਰਾਪਤ ਕਰਨ ਦੀ ਬਜਾਏ, ਤੁਸੀਂ DFEH ਨੂੰ ਆਪਣੀ ਸ਼ਿਕਾਇਤ ਦੀ ਜਾਂਚ ਕਰਨ ਲਈ ਕਹਿ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕਰਦੇ ਹੋ, ਤੁਸੀਂ ਮੁਕੱਦਮਾ ਕਰਨ ਦੇ ਅਧਿਕਾਰ ਦਾ ਨੋਟਿਸ ਫਿਰ ਵੀ ਪ੍ਰਾਪਤ ਕਰ ਸਕਦੇ ਹੋ ਅਤੇ ਬਾਅਦ ਵਿੱਚ ਮੁਕੱਦਮਾ ਦਾਇਰ ਕਰ ਸਕਦੇ ਹੋ। ਜੇਕਰ ਤੁਸੀਂ ਚਾਹੁੰਦੇ ਹੋ ਕਿ DEFH ਜਾਂਚ ਕਰਨ ਲਈ ਤੁਹਾਡੀ ਸ਼ਿਕਾਇਤ 'ਤੇ ਵਿਚਾਰ ਕਰੇ, ਤਾਂ ਤੁਸੀਂ ਇੱਕ ਇਨਟੇਕ ਫਾਰਮ ਭਰ ਕੇ ਅਤੇ ਸਪੁਰਦ ਕਰਕੇ ਪ੍ਰਕਿਰਿਆ ਨੂੰ ਸ਼ੁਰੂ ਕਰੋ। ਤੁਸੀਂ ਇਸ ਨੂੰ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਇੱਕ ਵਿਧੀ ਨਾਲ ਕਰ ਸਕਦੇ ਹੋ:
- ਸਾਡੇ ਔਨਲਾਈਨ ਸਿਸਟਮ ਦੀ www.dfeh.ca.govwww.dfeh.ca.gov'ਤੇ ਵਰਤੋਂ ਕਰੋ।
- www.dfeh.ca.gov 'ਤੇ ਸਾਡੀ ਵੈੱਬਸਾਈਟ 'ਤੇ ਜਾਓ ਅਤੇ ਇਨਟੇਕ ਫਾਰਮ ਦੀ ਇੱਕ ਖਾਲੀ ਕਾਪੀ ਡਾਊਨਲੋਡ ਕਰੋ। ਇਸ ਨੂੰ ਭਰੋ ਅਤੇ ਇਸ ਸਾਨੂੰ contact.center@dfeh.ca.gov 'ਤੇ ਈਮੇਲ ਕਰੋ ਜਾਂ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਭੇਜੋ: 2218 Kausen Drive, Suite 100; Elk Grove, CA 95758.
- ਸਾਡੇ ਕਮਿਉਨੀਕੇਸ਼ਨ ਸੈਂਟਰ ਨੂੰ (800) 884-1684 (ਵੌਇਸ), 800-700-2320 (TTY) 'ਤੇ ਕਾਲ ਕਰੋ ਜਾਂ ਕੈਲੀਫੋਰਨੀਆਂ ਦੀ ਰਿਲੇਅ ਸਰਵਿਸ ਨੂੰ 711 'ਤੇ ਕਾਲ ਕਰੋ।

ਜੇਕਰ ਤੁਸੀਂ ਮੁਕੱਦਮਾ ਕਰਨ ਦੇ ਅਧਿਕਾਰ ਲਈ ਨੋਟਿਸ ਲੈਣ ਨਾਲ ਸ਼ੁਰੂ ਕਰਨਾ ਪਸੰਦ ਕਰਦੇ ਹੋ, ਤਾਂ ਮੁਕੱਦਮਾ ਕਰਨ ਦੇ ਅਧਿਕਾਰ ਫਾਰਮ ਨੂੰ ਭਰੋ ਜੋ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ ਅਤੇ ਇਸ ਨੂੰ ਜਾਂ ਤਾਂ DFEH ਨੂੰ contact.center@dfeh.ca.gov 'ਤੇ ਈਮੇਲ ਕਰੋ ਜਾਂ ਇਸ ਪਤੇ 'ਤੇ ਡਾਕ ਰਾਹੀਂ ਭੇਜੋ: 2218 Kausen Drive, Suite 100; Elk Grove, CA 95758. ਤੁਸੀਂ www.dfeh.ca.gov'ਤੇ ਸਾਡੇ ਔਨਲਾਈਨ ਸਿਸਟਮ ਦੀ ਵਰਤੋਂ ਕਰਕੇ ਮੁਕੱਦਮਾ ਕਰਨ ਦੇ ਅਧਿਕਾਰ ਦਾ ਨੋਟਿਸ ਵੀ ਪ੍ਰਾਪਤ ਕਰ ਸਕਦੇ ਹੋ।

ਤੁਹਾਡੇ ਰਾਹੀਂ ਆਪਣਾ ਫਾਰਮ ਸਪੁਰਦ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਤੁਹਾਡੇ ਰਾਹੀਂ ਦਿੱਤੀ ਗਈ ਜਾਣਕਾਰੀ ਨਾਲ ਮੁਕੱਦਮਾ ਕਰਨ ਦੇ ਅਧਿਕਾਰ ਵਾਲਾ ਇੱਕ ਪੱਤਰ ਭੇਜਾਂਗੇ।

# ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਫੇਅਰ ਇੰਪਲੋਇਮੈਂਟ ਐਂਡ ਹਾਊਸਿੰਗ

## ਮੁਕੱਦਮਾ ਦਾਇਰ ਕਰਨ ਦਾ ਅਧਿਕਾਰ

ਤੁਹਾਡੇ ਦੁਆਰਾ ਇਸ ਦਸਤਾਵੇਜ਼ ਦੀ ਪੇਸ਼ਕਸ਼ ਰਾਹੀਂ ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਤੁਸੀਂ DFEH ਦੀ ਗੋਪਨੀਯਤਾ ਨੀਤੀ ਨੂੰ ਪੜ੍ਹ ਲਿਆ ਹੈ ਅਤੇ ਉਸ ਨਾਲ ਸਹਿਮਤ ਹੋ। ਇਹ ਦਸਤਾਵੇਜ਼ ਸਪੁਰਦ ਕਰਨ ਰਾਹੀਂ, ਤੁਸੀਂ ਕੈਲੀਫੋਰਨੀਆ ਰਾਜ ਦੇ ਕਾਨੂੰਨਾਂ ਤਹਿਤ ਝੂਠੀ ਗਵਾਹੀ ਦੀ ਸਜ਼ਾ ਤਹਿਤ ਘੋਸ਼ਣਾ ਕਰ ਰਹੇ ਹੋ ਕਿ ਮੇਰੇ ਗਿਆਨ ਅਨੁਸਾਰ ਦਿੱਤੀ ਗਈ ਜਾਣਕਾਰੀ ਸੱਚੀ ਅਤੇ ਸਹੀ ਹੈ, ਜਾਣਕਾਰੀ ਅਤੇ ਵਿਸ਼ਵਾਸ਼ 'ਤੇ ਦਰਸਾਏ ਗਏ ਮੁੱਦਿਆਂ ਤੋਂ ਇਲਾਵਾ, ਜਿਸ ਨੂੰ ਤੁਸੀਂ ਸੱਚ ਹੋਣਾ ਮੰਨਦੇ ਹੋ।

**DFEH ਕੇਸ ਨੰਬਰ (ਜੇਕਰ ਲਾਗੂ ਹੋਵੇ):**

**ਸ਼ਿਕਾਇਤਕਰਤਾ:**

ਨਾਮ: ਟੈਲੀਫੋਨ ਨੰਬਰ:

ਪਤਾ: ਈਮੇਲ ਪਤਾ:

ਸ਼ਹਿਰ/ਸੂਬਾ/ਜ਼ਿਪ:

**ਜਵਾਬਦੇਹ:**

ਨਾਮ: ਟੈਲੀਫੋਨ ਨੰਬਰ:

ਪਤਾ:

ਸ਼ਹਿਰ/ਸੂਬਾ/ਜ਼ਿਪ:

ਕਰਮਚਾਰੀਆਂ ਦੀ ਸੰਖਿਆ: ______________________ ਮਾਲਕ ਦੀ ਕਿਸਮ: ______________________

**ਸਹਿ-ਜਵਾਬਦੇਹ ਸ਼ਾਮਲ ਕਰੋ:**

ਨਾਮ: ______________________________

ਅਹੁਦਾ: ______________________________

ਪਤਾ: ______________________________

______________________________

ਟੈਲੀਫ਼ੋਨ ਨੰਬਰ: ______________________________

**ਸਹਿ-ਜਵਾਬਦੇਹ ਸ਼ਾਮਲ ਕਰੋ:**

ਨਾਮ: ______________________________

ਅਹੁਦਾ: ______________________________

ਪਤਾ: ______________________________

______________________________

ਟੈਲੀਫ਼ੋਨ ਨੰਬਰ: ______________________________

**ਪਰੇਸ਼ਾਨ ਕਰਨ ਦੀ ਮਿਤੀ:**

ਪਰੇਸ਼ਾਨ ਕਰਨ ਦੀ ਆਖ਼ਰੀ ਮਿਤੀ (ਮਹੀਨਾ/ਦਿਨ/ਸਾਲ): ______________________

1. ਜੋ ਮੈਂ ਅਨੁਭਵ ਕੀਤਾ ਉਹੀ ਆਰੋਪ ਲਾਇਆ ਹੈ: ☐ ਮਤਭੇਦ ☐ ਪਰੇਸ਼ਾਨ ਕਰਨਾ

**ਮੇਰੇ ਵਾਸਤਵਿਕ ਜਾਂ ਅਨੁਮਾਨਿਤ ਕਾਰਨ:**

☐ ਉਮਰ (40 ਸਾਲ ਅਤੇ ਇਸ ਤੋਂ ਵੱਧ)

☐ ਪੂਰਵਜ

☐ ਸੁਰੱਖਿਅਤ ਕਲਾਸ ਦੇ ਮੈਂਬਰ ਨਾਲ ਮੇਲਜੋਲ

☐ ਰੰਗ

☐ ਅਪਰਾਧਕ ਇਤਿਹਾਸ

☐ ਵਿਕਲਾਂਗਤਾ (ਸਰੀਰਕ ਜਾਂ ਮਾਨਸਿਕ)

☐ ਫੈਮਿਲੀ ਕੇਅਰ ਅਤੇ ਮੈਡੀਕਲ ਲੀਵ (CFRA) (5 ਜਾਂ ਇਸ ਤੋਂ ਵੱਧ ਲੋਕਾਂ ਦੇ ਮਾਲਕ) ਵਿੱਚ ਕਰਮਚਾਰੀ ਜਾਂ ਪਰਿਵਾਰਕ ਮੈਂਬਰ ਦੀ ਗੰਭੀਰ ਸਿਹਤ ਸਥਿਤੀ, ਬਾਲ ਸੰਬੰਧ ਅਤੇ ਮਿਲਿਟਰੀ ਦੀਆਂ ਜ਼ਰੂਰੀ ਲੋੜਾਂ ਸ਼ਾਮਲ ਹਨ।

☐ ਲਿੰਗ ਦੀ ਪਛਾਣ ਜਾਂ ਅਭਿਵਿਅਕਤੀ

☐ ਆਨੁਵੰਸ਼ਿਕ ਜਾਣਕਾਰੀ ਜਾਂ ਵਿਸ਼ੇਸ਼ਤਾ

☐ ਵਿਆਹੁਤਾ ਸਥਿਤੀ

☐ ਮੈਡੀਕਲ ਸਥਿਤੀ (ਕੈਂਸਰ ਜਾਂ ਆਨੁਵੰਸ਼ਿਕ ਵਿਸ਼ੇਸ਼ਤਾ)

☐ ਮਿਲੀਟਰੀ ਅਤੇ ਅਨੁਭਵੀ ਦੀ ਸਥਿਤੀ

☐ ਕੌਮੀ ਮੂਲ (ਭਾਸ਼ਾ ਪ੍ਰਤੀਬੰਧਾਂ ਸਮੇਤ)

☐ ਗਰਭ ਅਵਸਥਾ, ਜਣੇਪਾ, ਛੋਟੇ ਬੱਚੇ ਨੂੰ ਦੁੱਧ ਪਿਲਾਉਣ ਜਾਂ ਸੰਬੰਧਿਤ ਮੈਡੀਕਲ ਸਥਿਤੀਆਂ

☐ ਜਾਤੀ

☐ ਧਾਰਮਿਕ ਸਿਧਾਂਤ (ਪੋਸ਼ਾਕ ਅਤੇ ਸਜਣ ਸੰਬੰਧੀ ਰਿਵਾਇਤਾਂ ਸਮੇਤ)

☐ ਲਿੰਗ-ਭੇਦ/ਲਿੰਗ

☐ ਜਿਨਸੀ ਉਤਪੀੜਨ - ਦੁਸ਼ਮਣੀ ਵਾਲਾ ਮਾਹੌਲ

☐ ਜਿਨਸੀ ਉਤਪੀੜਨ - ਬਦਲੇ ਦੀ ਭਾਵਨਾ

☐ ਜਿਨਸੀ ਰੁਝਾਨ

☐ ਹੋਰ (ਸਪੱਸ਼ਟ ਕਰੋ) ______________________

**ਨਤੀਜੇ ਵਜੋਂ, ਮੈਨੂੰ:**

- [ ] ਅਣਉਚਿਤ ਗੈਰ-ਨੌਕਰੀ-ਸੰਬੰਧੀ ਸਵਾਲ ਪੁੱਛੇ ਗਏ ਸਨ
- [ ] ਪਦ-ਅਵਨਤ ਕੀਤਾ ਗਿਆ ਸੀ
- [ ] ਗਰਭ ਅਵਸਥਾ ਲਈ ਨਿਵਾਸ ਦੇਣ ਤੋਂ ਇਨਕਾਰ ਕੀਤਾ ਗਿਆ ਸੀ
- [ ] ਧਾਰਮਿਕ ਮਾਨਤਾਵਾਂ ਲਈ ਨਿਵਾਸ ਦੇਣ ਤੋਂ ਇਨਕਾਰ ਕੀਤਾ ਗਿਆ ਸੀ
- [ ] ਕੋਈ ਵੀ ਕਰਮਚਾਰੀ ਲਾਭ ਜਾਂ ਵਿਸ਼ੇਸ਼ ਅਧਿਕਾਰ ਲਈ ਇਨਕਾਰ ਕੀਤਾ ਗਿਆ ਸੀ
- [ ] ਗਰਭ ਅਵਸਥਾ ਵਿਕਲਾਂਗਤਾ ਛੁੱਟੀ ਦੇ ਦੌਰਾਨ ਮਾਲਕ ਨੇ ਭੁਗਤਾਨ ਕੀਤੀ ਸਿਹਤ ਸੰਭਾਲ ਲਈ ਇਨਕਾਰ ਕੀਤਾ ਸੀ
- [ ] ਬਰਾਬਰ ਭੁਗਤਾਨ (ਬਰਾਬਰ ਭੁਗਤਾਨ ਦੇ ਕਾਨੂੰਨ ਦੀ ਉਲੰਘਣਾ ਸਮੇਤ) ਕਰਨ ਲਈ ਇਨਕਾਰ ਕੀਤਾ ਸੀ
- [ ] ਕਰਮਚਾਰੀ ਜਾਂ ਪਰਿਵਾਰਕ ਮੈਂਬਰ ਦੀ ਗੰਭੀਰ ਸਿਹਤ ਸਥਿਤੀ, ਬਾਲ ਸੰਬੰਧ ਅਤੇ ਮਿਲਟਰੀ ਦੀਆਂ ਜਰੂਰੀ ਲੋੜਾਂ ਸਮੇਤ ਫੈਮਿਲੀ ਕੇਅਰ ਅਤੇ ਮੈਡੀਕਲ ਲੀਵ (CFRA) (5 ਜਾਂ ਇਸ ਤੋਂ ਵੱਧ ਲੋਕਾਂ ਦੇ ਮਾਲਕ) ਦੇਣ ਲਈ ਇਨਕਾਰ ਕੀਤਾ ਸੀ।
- [ ] ਨੌਕਰੀ 'ਤੇ ਰੱਖਣ ਅਤੇ ਪਦ-ਉੱਨਤ ਕਰਨ ਲਈ ਇਨਕਾਰ ਕੀਤਾ ਸੀ
- [ ] ਇਨਕਾਰ ਕੀਤਾ ਜਾਂ ਬਦਲੀ ਕਰਨ ਲਈ ਮਜ਼ਬੂਰ ਕੀਤਾ ਸੀ
- [ ] ਇੱਕ ਵਿਕਲਾਂਗਤਾ ਲਈ ਵਾਜਬ ਰਿਹਾਇਸ਼ ਦੇਣ ਲਈ ਇਨਕਾਰ ਕੀਤਾ ਸੀ
- [ ] ਪੈਂਟ ਪਹਿਨਣ ਦਾ ਅਧਿਕਾਰ ਦੇਣ ਤੋਂ ਇਨਕਾਰ ਕੀਤਾ ਸੀ
- [ ] ਕੰਮ ਦੇ ਮੌਕੇ ਅਤੇ ਅਸਾਈਨਮੈਂਟਾਂ ਦੇਣ ਤੋਂ ਇਨਕਾਰ ਕੀਤਾ ਸੀ
- [ ] ਨੌਕਰੀ ਛੱਡਣ ਲਈ ਮਜ਼ਬੂਰ ਕੀਤਾ ਸੀ
- [ ] ਨੌਕਰੀ ਤੋਂ ਕੱਢਿਆ ਗਿਆ ਸੀ
- [ ] ਝਿੜਕਿਆ ਸੀ
- [ ] ਬਰਖ਼ਾਸਤ ਕੀਤਾ ਗਿਆ ਸੀ
- [ ] ਹਟਾਇਆ ਗਿਆ ਸੀ
- [ ] ਹੋਰ (ਸਪੱਸ਼ਟ ਕਰੋ) ______________________________

ਜੋ ਮੈਂ ਅਨੁਭਵ ਕੀਤਾ ਉਹੀ ਆਰੋਪ ਲਾਇਆ ਹੈ: ☐ ਬਦਲਾ

**ਕਿਉਂਕਿ ਮੈਂ:**

- [ ] ਮਤਭੇਦ ਜਾਂ ਉਤਪੀੜਨ ਸੰਬੰਧੀ ਸ਼ਿਕਾਇਤ ਵਿੱਚ ਗਵਾਹ ਵਜੋਂ ਹਿੱਸਾ ਲਿਆ ਸੀ
- [ ] ਕਿਸੇ ਵੀ ਕਿਸਮ ਦੇ ਮਤਭੇਦ ਜਾਂ ਉਤਪੀੜਨ ਦੀ ਸੂਚਨਾ ਦਿੱਤੀ ਜਾਂ ਇਸ ਦਾ ਵਿਰੋਧ ਕੀਤਾ ਸੀ
- [ ] ਮਰੀਜ਼ ਨਾਲ ਦੁਰਵਿਹਾਰ ਦੀ ਸੂਚਨਾ ਦਿੱਤੀ ਸੀ (ਸਿਰਫ਼ ਹਸਪਤਾਲ ਦੇ ਕਰਮਚਾਰੀਆਂ ਨੂੰ)
- [ ] ਵਿਕਲਾਂਗਤਾ ਨਾਲ ਸੰਬੰਧਿਤ ਰਿਹਾਇਸ਼ ਲਈ ਬੇਨਤੀ ਕੀਤੀ ਜਾਂ ਉਸ ਦੀ ਵਰਤੋਂ ਕੀਤੀ ਸੀ
- [ ] ਗਰਭ ਅਵਸਥਾ ਜਾਂ ਵਿਕਲਾਂਗਤਾ ਸੰਬੰਧੀ ਰਿਹਾਇਸ਼ ਲਈ ਬੇਨਤੀ ਕੀਤੀ ਜਾਂ ਉਸ ਦੀ ਵਰਤੋਂ ਕੀਤੀ ਸੀ
- [ ] ਧਾਰਮਿਕ ਰਿਹਾਇਸ਼ ਲਈ ਬੇਨਤੀ ਕੀਤੀ ਜਾਂ ਉਸ ਦੀ ਵਰਤੋਂ ਕੀਤੀ ਸੀ
- [ ] ਕਰਮਚਾਰੀ ਜਾਂ ਪਰਿਵਾਰਕ ਮੈਂਬਰ ਦੀ ਗੰਭੀਰ ਸਿਹਤ ਸਥਿਤੀ, ਬਾਲ ਸੰਬੰਧ ਅਤੇ ਮਿਲਟਰੀ ਦੀਆਂ ਜ਼ਰੂਰੀ ਲੋੜਾਂ ਸਮੇਤ ਫੈਮਿਲੀ ਕੇਅਰ ਅਤੇ ਮੈਡੀਕਲ ਲੀਵ (CFRA) (5 ਜਾਂ ਇਸ ਤੋਂ ਵੱਧ ਲੋਕਾਂ ਦੇ ਮਾਲਕ) ਲਈ ਬੇਨਤੀ ਕੀਤੀ ਸੀ ਜਾਂ ਉਸ ਦੀ ਵਰਤੋਂ ਕੀਤੀ ਸੀ।

**ਨਤੀਜੇ ਵਜੋਂ ਮੈਨੂੰ:**

- ☐ ਅਣਉਚਿਤ ਗੈਰ-ਨੌਕਰੀ-ਸੰਬੰਧੀ ਸਵਾਲ ਪੁੱਛੇ ਗਏ ਸਨ
- ☐ ਪਦ-ਅਵਨਤ ਕੀਤਾ ਗਿਆ ਸੀ
- ☐ ਗਰਭ ਅਵਸਥਾ ਲਈ ਨਿਵਾਸ ਦੇਣ ਤੋਂ ਇਨਕਾਰ ਕੀਤਾ ਗਿਆ ਸੀ
- ☐ ਧਾਰਮਿਕ ਮਾਨਤਾਵਾਂ ਲਈ ਨਿਵਾਸ ਦੇਣ ਤੋਂ ਇਨਕਾਰ ਕੀਤਾ ਗਿਆ ਸੀ
- ☐ ਕੋਈ ਵੀ ਕਰਮਚਾਰੀ ਲਾਭ ਜਾਂ ਵਿਸ਼ੇਸ਼ ਅਧਿਕਾਰ ਲਈ ਇਨਕਾਰ ਕੀਤਾ ਗਿਆ ਸੀ
- ☐ ਗਰਭ ਅਵਸਥਾ ਵਿਕਲਾਂਗਤਾ ਛੁੱਟੀ ਦੇ ਦੌਰਾਨ ਮਾਲਕ ਨੇ ਭੁਗਤਾਨ ਕੀਤੀ ਸਿਹਤ ਸੰਭਾਲ ਲਈ ਇਨਕਾਰ ਕੀਤਾ ਸੀ
- ☐ ਬਰਾਬਰ ਭੁਗਤਾਨ (ਬਰਾਬਰ ਭੁਗਤਾਨ ਦੇ ਕਾਨੂੰਨ ਦੀ ਉਲੰਘਣਾ ਸਮੇਤ) ਕਰਨ ਲਈ ਇਨਕਾਰ ਕੀਤਾ ਸੀ
- ☐ ਕਰਮਚਾਰੀ ਜਾਂ ਪਰਿਵਾਰਕ ਮੈਂਬਰ ਦੀ ਗੰਭੀਰ ਸਿਹਤ ਸਥਿਤੀ, ਬਾਲ ਸੰਬੰਧ ਅਤੇ ਮਿਲਟਰੀ ਦੀਆਂ ਜਰੂਰੀ ਲੋੜਾਂ ਸਮੇਤ ਫੈਮਿਲੀ ਕੇਅਰ ਅਤੇ ਮੈਡੀਕਲ ਲੀਵ (CFRA) (5 ਜਾਂ ਇਸ ਤੋਂ ਵੱਧ ਲੋਕਾਂ ਦੇ ਮਾਲਕ) ਦੇਣ ਲਈ ਇਨਕਾਰ ਕੀਤਾ ਸੀ।
- ☐ ਨੌਕਰੀ 'ਤੇ ਰੱਖਣ ਅਤੇ ਪਦ-ਉੱਨਤ ਕਰਨ ਲਈ ਇਨਕਾਰ ਕੀਤਾ ਸੀ
- ☐ ਇਨਕਾਰ ਕੀਤਾ ਜਾਂ ਬਦਲੀ ਕਰਨ ਲਈ ਮਜ਼ਬੂਰ ਕੀਤਾ ਸੀ
- ☐ ਇੱਕ ਵਿਕਲਾਂਗਤਾ ਲਈ ਵਾਜਬ ਰਿਹਾਇਸ਼ ਦੇਣ ਲਈ ਇਨਕਾਰ ਕੀਤਾ ਸੀ
- ☐ ਪੈਂਟ ਪਹਿਨਣ ਦਾ ਅਧਿਕਾਰ ਦੇਣ ਤੋਂ ਇਨਕਾਰ ਕੀਤਾ ਸੀ
- ☐ ਕੰਮ ਦੇ ਮੌਕੇ ਅਤੇ ਅਸਾਈਨਮੈਂਟਾਂ ਦੇਣ ਤੋਂ ਇਨਕਾਰ ਕੀਤਾ ਸੀ
- ☐ ਨੌਕਰੀ ਛੱਡਣ ਲਈ ਮਜ਼ਬੂਰ ਕੀਤਾ ਸੀ
- ☐ ਨੌਕਰੀ ਤੋਂ ਕੱਢਿਆ ਗਿਆ ਸੀ
- ☐ ਛਿੜਕਿਆ ਸੀ
- ☐ ਬਰਖ਼ਾਸਤ ਕੀਤਾ ਗਿਆ ਸੀ
- ☐ ਹਟਾਇਆ ਗਿਆ ਸੀ
- ☐ ਹੋਰ (ਸਪੱਸ਼ਟ ਕਰੋ) ______________________________

2. ਕੀ ਤੁਹਾਡੇ ਕੋਲ ਕੋਈ ਅਜਿਹਾ ਵਕੀਲ ਹੈ ਜੋ ਇਸ ਮਾਮਲੇ ਵਿੱਚ ਤੁਹਾਡਾ ਪ੍ਰਤੀਨਿਧ ਕਰਨ ਲਈ ਸਹਿਮਤ ਹੋਇਆ ਹੋਵੇ? ◯ ਹਾਂ ◯ ਨਹੀਂ

   ਜੇਕਰ ਹਾਂ, ਤਾਂ ਕਿਰਪਾ ਕਰਕੇ ਵਕੀਲ ਦੀ ਸੰਪਰਕ ਜਾਣਕਾਰੀ ਪ੍ਰਦਾਨ ਕਰੋ।

**ਸ਼ਿਕਾਇਤਕਰਤਾ ਦੇ ਪ੍ਰਤੀਨਿਧੀ ਦੀ ਜਾਣਕਾਰੀ**

ਵਕੀਲ ਦਾ ਨਾਮ: ______________________________

ਵਕੀਲ ਦਾ ਫ਼ਰਮ ਦਾ ਨਾਮ: ______________________________

ਵਕੀਲ ਦਾ ਪਤਾ: ______________________________

ਵਕੀਲ ਦਾ ਸ਼ਹਿਰ, ਸੂਬਾ ਅਤੇ ਜ਼ਿਪ: ______________________________

3. ਸੰਖੇਪ ਵਿੱਚ ਦੱਸੋ ਕਿ ਤੁਸੀਂ ਮਤਭੇਦ, ਉਤਪੀੜਨ ਜਾਂ ਬਦਲੇ ਲਈ ਕਿਸ (ਕਿਨ੍ਹਾਂ) ਨੂੰ ਕਾਰਨ ਮੰਨਦੇ ਹੋ। (ਵਿਕਲਪਿਕ)

## ਪੁਸ਼ਟੀਕਰਨ ਪੰਨਾ - ਇਹ ਪੰਨਾ ਪੂਰਾ ਕੀਤਾ ਜਾਣਾ ਚਾਹੀਦਾ ਹੈ

**ਫ਼ਾਰਮ ਸਪੁਰਦ ਕਰਨ ਤੋਂ ਪਹਿਲਾਂ, ਤੁਹਾਨੂੰ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ ਤੁਸੀਂ ਕੌਣ ਹੋ ਅਤੇ ਕੀ ਤੁਸੀਂ ਇਹ ਜਾਣਕਾਰੀ ਆਪਣੇ ਲਈ ਜਾਂ ਕਿਸੇ ਹੋਰ ਲਈ ਸਪੁਰਦ ਕਰ ਰਹੇ ਹੋ।**

ਪੁਸ਼ਟੀਕਰਤਾ ਦਾ ਨਾਮ:

ਸ਼ਿਕਾਇਤਕਰਤਾ ਨਾਲ ਪੁਸ਼ਟੀਕਰਤਾ ਦਾ ਸੰਬੰਧ:

ਪੁਸ਼ਟੀਕਰਤਾ ਦਾ ਸ਼ਹਿਰ ਅਤੇ ਸੂਬਾ:

**ਇਹ ਦਸਤਾਵੇਜ਼ ਸਪੁਰਦ ਕਰਨ ਰਾਹੀਂ, ਤੁਸੀਂ ਕੈਲੀਫੋਰਨੀਆ ਰਾਜ ਦੇ ਕਾਨੂੰਨਾਂ ਤਹਿਤ ਝੂਠੀ ਗਵਾਹੀ ਦੀ ਸਜ਼ਾ ਤਹਿਤ ਘੋਸ਼ਣਾ ਕਰ ਰਹੇ ਹੋ ਕਿ ਮੇਰੇ ਗਿਆਨ ਅਨੁਸਾਰ ਦਿੱਤੀ ਗਈ ਜਾਣਕਾਰੀ ਸੱਚੀ ਅਤੇ ਸਹੀ ਹੈ, ਜਾਣਕਾਰੀ ਅਤੇ ਵਿਸ਼ਵਾਸ਼ 'ਤੇ ਦਰਸਾਏ ਗਏ ਮੁੱਦਿਆਂ ਤੋਂ ਇਲਾਵਾ, ਜਿਸ ਨੂੰ ਤੁਸੀਂ ਸੱਚ ਹੋਣਾ ਮੰਨਦੇ ਹੋ।**

## ਜਨਸੰਖਿਅਕ ਜਾਣਕਾਰੀ

ਇਹ ਜਾਣਕਾਰੀ ਵਿਕਲਪਿਕ ਹੈ ਅਤੇ ਇਸ ਦੀ ਵਰਤੋਂ ਸਿਰਫ਼ ਅੰਕੜਿਆਂ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ।

ਮੁੱਖ ਭਾਸ਼ਾ: ______________________ ਜਨਮ ਦੀ ਮਿਤੀ: ________

☐ ਮਰਦ ☐ ਔਰਤ ☐ ਗੈਰ-ਬਾਇਨਰੀ ☐ ਹੋਰ

**ਵਿਆਹੁਤਾ ਸਥਿਤੀ:**

☐ ਕੁਆਰਾ/ਕੁਆਰੀ ☐ ਸ਼ਾਦੀਸ਼ੁਦਾ ☐ ਸਹਿਵਾਸ ☐ ਤਲਾਕਸ਼ੁਦਾ

**ਜਾਤੀ:**

☐ ਅਮਰੀਕਨ ਭਾਰਤੀ, ਅਮਰੀਕਨ ਮੂਲ ਨਿਵਾਸੀ ਜਾਂ ਅਲਾਸਕਾ ਮੂਲ ਨਿਵਾਸੀ
☐ ਮੂਲ ਹਵਾਈ ਨਿਵਾਸੀ ਜਾਂ ਹੋਰ ਪ੍ਰਸ਼ਾਂਤ ਦੀਪ ਨਿਵਾਸੀ
☐ ਏਸ਼ਿਆਈ
☐ ਗੋਰਾ
☐ ਕਾਲਾ ਜਾਂ ਅਫਰੀਕਨ ਅਮਰੀਕਨ
☐ ਹੋਰ

**ਜਾਤੀਯਤਾ:**

☐ ਹਿਸਪੈਨਿਕ ਜਾਂ ਲਾਤੀਨੀ ☐ ਗੈਰ-ਹਿਸਪੈਨਿਕ ਜਾਂ ਲਾਤੀਨੀ

**ਰਾਸ਼ਟਰੀ ਮੂਲ:**

| | | | |
|---|---|---|---|
| ☐ ਅਫ਼ਗਾਨੀ | ☐ ਜਰਮਨ | ☐ ਜਾਪਾਨੀ | ☐ ਹੋਰ ਮੱਧ ਪੂਰਵੀ |
| ☐ ਅਮਰੀਕੀ [U.S.A.] | ☐ ਘਾਨਾਅਨ | ☐ ਕੋਰੀਅਨ | ☐ ਪਾਕਿਸਤਾਨੀ |
| ☐ ਏਸ਼ੀਅਨ ਭਾਰਤੀ | ☐ ਗੁਆਮਨਿਆਈ | ☐ ਲਾਓਤੀਅਨ | ☐ ਪਿਉਰਟੋ ਰੀਕਨ |
| ☐ ਬੰਗਲਾਦੇਸ਼ੀ | ☐ ਹੈਤੀਅਨ | ☐ ਲੈਬਨੀਜ਼ | ☐ ਸਲਵਾਡੋਰਨ |
| ☐ ਕੰਬੋਡੀਅਨ | ☐ ਹਵਾਈਅਨ | ☐ ਮਲੇਸ਼ੀਅਨ | ☐ ਸੈਮੋਈ |
| ☐ ਕਨੇਡੀਅਨ | ☐ ਹਮੋਂਗ | ☐ ਮੈਕਸੀਕਨ | ☐ ਸ੍ਰੀ ਲੰਕਨ |
| ☐ ਚੀਨੀ | ☐ ਇੰਡੋਨੇਸ਼ੀਅਨ | ☐ ਨਾਇਜੀਰੀਅਨ | ☐ ਸੀਰੀਅਨ |
| ☐ ਕਿਊਬਨ | ☐ ਇਰਾਨੀ | ☐ ਹੋਰ | ☐ ਤਾਇਵਾਨੀ |
| ☐ ਡੋਮਿਨਿਕਨ | ☐ ਇਰਾਕੀ | ☐ ਹੋਰ ਅਫਰੀਕਨ | ☐ ਥਾਈ |
| ☐ ਮਿਸਰੀ | ☐ ਆਇਰਿਸ਼ | ☐ ਹੋਰ ਏਸ਼ੀਅਨ | ☐ ਟੌਂਗਨ |
| ☐ ਇੰਗਲਿਸ਼ | ☐ ਇਜ਼ਰਾਇਲੀ | ☐ ਹੋਰ ਕੈਰੇਬਿਅਨ | ☐ ਵੀਅਤਨਾਮੀ |
| ☐ ਇਥੋਪੀਅਨ | ☐ ਇਟਾਲੀਅਨ | ☐ ਹੋਰ ਯੂਰਪੀਅਨ | |
| ☐ ਫਿਜ਼ੀਅਨ | ☐ ਜਮਾਇਕਨ | ☐ ਹੋਰ ਹਿਸਪੈਨਿਕ/ਲਾਤੀਨੀ | |
| ☐ ਫਿਲਿਪੀਨੋ | | | |

## ਜਨਸੰਖਿਅਕ ਜਾਣਕਾਰੀ

ਇਹ ਜਾਣਕਾਰੀ ਵਿਕਲਪਿਕ ਹੈ ਅਤੇ ਇਸ ਦੀ ਵਰਤੋਂ ਸਿਰਫ਼ ਅੰਕੜਿਆਂ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ।

**ਵਿਕਲਾਂਗਤਾ:**

- ☐ ਏਡਜ਼ ਜਾਂ ਐਚਆਈਵੀ
- ☐ ਖ਼ੂਨ / ਚੱਕਰ
- ☐ ਦਿਮਾਗ / ਨਾੜੀਆਂ / ਮਾਸਪੇਸ਼ੀਆਂ
- ☐ ਪਾਚਨ / ਮੂਤਰ / ਪ੍ਰਜਨਨ
- ☐ ਸੁਣਨਾ
- ☐ ਦਿਲ
- ☐ ਅੰਗ [ਬਾਂਹਾਂ / ਲੱਤਾਂ]
- ☐ ਮਾਨਸਿਕ
- ☐ ਨਜ਼ਰ
- ☐ ਬੋਲਣਾ / ਸਾਹ ਲੈਣਾ
- ☐ ਰੀੜ੍ਹ ਦੀ ਹੱਡੀ / ਪਿੱਠ / ਸਾਹ ਲੈਣਾ
- ☐ ਹੋਰ ਵਿਕਲਾਂਗਤਾ

**ਧਰਮ:**

- ☐ ਸ਼ੰਕਾਵਾਦੀ
- ☐ ਨਾਸਤਿਕ
- ☐ ਬਹਾਈ
- ☐ ਬੁੱਧ ਧਰਮ
- ☐ ਕੈਥੋਲਿਕ ਮੱਤ
- ☐ ਇਸਾਈ ਮੱਤ
- ☐ ਕੰਫਿਊਸ਼ੀਵਾਦ
- ☐ ਹਿੰਦੂ ਮੱਤ
- ☐ ਮੁਸਲਿਮ
- ☐ ਯਹੋਵਾਹ ਦਾ ਗਵਾਹ
- ☐ ਯਹੂਦੀ ਮੱਤ
- ☐ ਨਿਓ-ਬੁਤਪ੍ਰਸਤੀ
- ☐ ਗੈਰ-ਧਾਰਮਿਕ
- ☐ ਪ੍ਰਤਿਵਾਦੀ
- ☐ ਮੂਲ-ਸਵਦੇਸ਼ੀ
- ☐ ਕਵੈਕਰ
- ☐ ਰਾਸਤਾਫੇਰਿਅਨਵਾਦ
- ☐ ਅਧਿਆਤਮਵਾਦ
- ☐ ਸ਼ਿੰਟੋ
- ☐ ਸਿੱਖ ਮੱਤ
- ☐ ਤਾਓਵਾਦ
- ☐ ਏਕਤਾਵਾਦੀ-ਸਰਬਵਿਆਪਕਤਾ
- ☐ ਪਾਰਸੀ ਧਰਮ
- ☐ ਹੋਰ

**ਜਿਨਸੀ ਰੁਝਾਨ:**

- ☐ ਸਟ੍ਰੇਟ ਜਾਂ ਭਿੰਨਲਿੰਗੀ
- ☐ ਸਮਲਿੰਗੀ ਜਾਂ ਲੇਸਬੀਅਨ
- ☐ ਦੋ-ਲਿੰਗੀ
- ☐ ਹੋਰ

# ਨਿਰਪੱਖ ਰੁਜ਼ਗਾਰ ਅਤੇ ਹਾਊਸਿੰਗ ਦੇ ਕੈਲੀਫੋਰਨੀਆ ਵਿਭਾਗ (DEPARTMENT OF FAIR EMPLOYMENT AND HOUSING) ਦੀ ਗੋਪਨੀਯਤਾ ਨੀਤੀ

ਨਿਰਪੱਖ ਰੁਜ਼ਗਾਰ ਅਤੇ ਹਾਊਸਿੰਗ ਦੇ ਕੈਲੀਫੋਰਨੀਆ ਵਿਭਾਗ (DFEH) ਨੇ ਇਸ ਪਰਦੇਦਾਰੀ ਨੀਤੀ ਨੂੰ 1 ਜਨਵਰੀ, 2017 ਤੋਂ ਲਾਗੂ ਕੀਤਾ ਹੈ। DFEH ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਅਤੇ ਗੋਪਨੀਯਤਾ ਨੂੰ ਮਹੱਤਵ ਦਿੰਦਾ ਹੈ ਅਤੇ ਤੁਹਾਡੇ ਪਰਦੇਦਾਰੀ ਦੇ ਹੱਕਾਂ ਦੀ ਰੱਖਿਆ ਲਈ ਵਚਨਬੱਧ ਹੈ। DFEH ਸਿਰਫ ਢੁਕਵੀਂ ਨਿੱਜੀ ਜਾਣਕਾਰੀ ਇਕੱਠੀ ਕਰਨਾ ਚਾਹੁੰਦਾ ਹੈ ਜੋ ਕੈਲੀਫੋਰਨੀਆ ਦੇ ਸਰਕਾਰੀ ਕੋਡ ਦੀਆਂ ਧਾਰਾਵਾਂ 11135 ਵਗੈਰਾ, 12900 ਵਗੈਰਾ, ਅਤੇ ਕੈਲੀਫੋਰਨੀਆ ਦੇ ਸਿਵਲ ਕੋਡ ਦੀਆਂ ਧਾਰਾਵਾਂ 51, 51.7, 52.5 ਅਤੇ 54 ਵਗੈਰਾ ਦੁਆਰਾ ਨਿਰਧਾਰਤ ਵਿਤਕਰੇ ਦੀਆਂ ਸ਼ਿਕਾਇਤਾਂ ਦੀ ਜਾਂਚ ਅਤੇ ਹੱਲ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸਾਨੂੰ ਯੋਗ ਬਣਾਉਂਦਾ ਹੈ।

ਜਿਹੜੀ ਨਿੱਜੀ ਜਾਣਕਾਰੀ ਅਸੀਂ ਇਕੱਠੀ ਕਰਦੇ ਹਾਂ ਉਸ ਨੂੰ ਕੈਲੀਫੋਰਨੀਆ ਰਾਜ ਦੇ ਸੂਚਨਾ ਅਭਿਆਸ ਐਕਟ 1977 (ਸਿਵ. ਕੋਡ, §§ 1798-1798.78), ਸਰਕਾਰੀ ਕੋਡ ਦੀਆਂ ਧਾਰਾਵਾਂ 11015.5 ਅਤੇ 11019.9, ਅਤੇ ਕੈਲੀਫੋਰਨੀਆ ਪਬਲਿਕ ਰਿਕਾਰਡਜ਼ ਐਕਟ (ਸਰਕਾਰੀ ਕੋਡ § 6250 ਵਗੈਰਾ) ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ।)

ਸਾਡੀ ਔਨਲਾਈਨ ਪਰਦੇਦਾਰੀ ਨੀਤੀ ਅਤੇ ਸੂਚਨਾ ਹੇਠਾਂ ਦੱਸੀ ਗਈ ਹੈ:


- ਜਾਣਕਾਰੀ ਦੇ ਇਕੱਤਰੀਕਰਨ ਅਤੇ ਵਰਤੋਂ ਲਈ ਕਨੂੰਨੀ ਅਧਿਕਾਰ
- ਖੁਲਾਸਾ ਅਤੇ ਸਾਂਝਾਕਰਨ
- ਤੁਹਾਡੇ ਦੁਆਰਾ ਸਾਨੂੰ ਭੇਜੀ ਜਾਣਕਾਰੀ ਨਾਲ ਕੀ ਹੁੰਦਾ ਹੈ?
- ਕੂਕੀਜ਼
- ਲਿੰਕ
- ਜਨਤਕ ਖੁਲਾਸਾ
- ਨਾਬਾਲਗ
- ਸੁਰੱਖਿਆ
- ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਅਤੇ ਸੁਧਾਰ
- ਜੇਕਰ ਇਸ ਨੀਤੀ ਨਾਲ ਸੰਬੰਧਿਤ ਤੁਹਾਡਾ ਕੋਈ ਸਵਾਲ ਹੋਵੇ ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ
- ਸਾਡੀ ਪਰਦੇਦਾਰੀ ਬਾਰੇ ਨੀਤੀ ਵਿੱਚ ਬਦਲਾਵ
- ਲਾਗੂ ਕਰਨ ਦੀ ਮਿਤੀ


## ਜਾਣਕਾਰੀ ਦੇ ਇਕੱਤਰੀਕਰਨ ਅਤੇ ਵਰਤੋਂ ਲਈ ਕਨੂੰਨੀ ਅਧਿਕਾਰ

ਅਸੀਂ ਅਜਿਹੀ ਜਾਣਕਾਰੀ ਇਕੱਤਰ ਕਰਦੇ ਹਾਂ ਜੋ ਕਿਸੇ ਖ਼ਾਸ ਵਿਅਕਤੀ ਨਾਲ ਪ੍ਰਤੱਖ ਤੌਰ 'ਤੇ ਜੁੜੀ ਹੋ ਸਕਦੀ ਹੈ। ਅਸੀਂ ਇਸ ਨੂੰ "ਨਿੱਜੀ ਜਾਣਕਾਰੀ", ਕਹਿੰਦੇ ਹਾਂ ਅਤੇ ਇਸ ਵਿੱਚ ਨਾਮ, ਪਤੇ, ਟੈਲੀਫ਼ੋਨ ਨੰਬਰ ਅਤੇ ਈਮੇਲ ਪਤੇ ਸ਼ਾਮਲ ਹੁੰਦੇ ਹਨ। ਅਸੀਂ ਇਸ ਨਿੱਜੀ ਜਾਣਕਾਰੀ ਨੂੰ ਵੈਧ ਤਰੀਕਿਆਂ ਰਾਹੀਂ ਉਹਨਾਂ ਵਿਅਕਤੀਆਂ ਤੋਂ ਇਕੱਤਰ ਕਰਦੇ ਹਾਂ ਜੋ DFEH ਕੋਲ ਸ਼ਿਕਾਇਤ ਦਰਜ਼ ਕਰਨਾ ਚਾਹੁੰਦੇ ਹਨ, ਅਤੇ ਅਸੀਂ ਇਸ ਜਾਣਕਾਰੀ ਦੀ ਵਰਤੋਂ ਅਧਿਕਾਰ ਖੇਤਰ ਸਥਾਪਿਤ ਕਰਨ ਅਤੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦੇ ਕਿਸੇ ਵੀ ਦੋਸ਼ ਦੀ ਜਾਂਚ ਕਰਨ ਲਈ ਕਰਦੇ ਹਾਂ। ਜੇਕਰ ਤੁਸੀਂ ਕੋਈ ਸ਼ਿਕਾਇਤ ਦਰਜ ਕਰਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕੈਲੀਫੋਰਨੀਆ ਦੇ ਸਰਕਾਰੀ ਕੋਡ ਦੀਆਂ ਧਾਰਾਵਾਂ 11135 ਵਗੈਰਾ, 12900 ਵਗੈਰਾ, ਅਤੇ ਕੈਲੀਫੋਰਨੀਆ ਦੇ ਸਿਵਲ ਕੋਡ ਦੀਆਂ ਧਾਰਾਵਾਂ 51, 51.7, 52.5, ਅਤੇ 54 ਵਗੈਰਾ ਦੇ ਅਨੁਸਾਰ ਸਾਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਾਉਣ ਦੀ ਲੋੜ ਹੈ।

## ਖੁਲਾਸਾ ਅਤੇ ਸਾਂਝਾਕਰਨ

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨਹੀਂ ਵੇਚਦੇ ਹਾਂ। ਸਰਕਾਰੀ ਕੋਡ ਦੀ ਧਾਰਾ 11015.5, ਉਪ-ਵੰਡ (6), DFEH ਅਤੇ ਸਾਰੀਆਂ ਰਾਜ ਏਜੰਸੀਆਂ ਨੂੰ ਉਪਭੋਗਤਾਵਾਂ ਬਾਰੇ ਇਲੈਕਟ੍ਰਾਨਿਕ ਤੌਰ 'ਤੇ ਇਕੱਠੀ ਕੀਤੀ ਗਈ ਕਿਸੇ ਵੀ ਨਿੱਜੀ ਜਾਣਕਾਰੀ ਨੂੰ ਉਪਭੋਗਤਾ ਦੀ ਆਗਿਆ ਤੋਂ ਬਿਨਾਂ ਕਿਸੇ ਵੀ ਤੀਜੀ ਧਿਰ ਨੂੰ ਦੇਣ ਜਾਂ ਵੇਚਣ ਤੋਂ ਰੋਕਦੀ ਹੈ। ਇਲੈਕਟ੍ਰਾਨਿਕ ਤੌਰ 'ਤੇ ਇਕੱਠੀ ਕੀਤੀ ਗਈ ਨਿੱਜੀ ਜਾਣਕਾਰੀ ਨੂੰ ਸਿਰਫ਼ ਉਨ੍ਹਾਂ ਉਦੇਸ਼ਾਂ ਲਈ ਹੀ ਸਾਂਝਾ ਕੀਤਾ ਜਾਵੇਗਾ ਜਿਸਦੇ ਲਈ ਇਹ ਸਾਨੂੰ ਪ੍ਰਦਾਨ ਕੀਤੀ ਗਈ ਹੈ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ।

ਅਸੀਂ ਹੇਠਾਂ ਦਿੱਤੀਆਂ ਪਰਿਸਥਿਤੀਆਂ ਵਿੱਚ ਵੀ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਾਂਝਾ ਕਰ ਸਕਦੇ ਹਾਂ:

1. ਜੇਕਰ ਤੁਸੀਂ ਸਾਨੂੰ ਇਜਾਜ਼ਤ ਦਿੰਦੇ ਹੋ।
2. ਸਾਨੂੰ ਕਾਨੂੰਨੀ ਅਧਿਕਾਰ ਵਾਲੀ ਕਿਸੇ ਧਿਰ ਤੋਂ ਜਾਣਕਾਰੀ ਲੈਣ ਲਈ ਬੇਨਤੀ ਪ੍ਰਾਪਤ ਹੁੰਦੀ ਹੈ, ਜਿਵੇਂ ਕਿ ਇੱਕ ਸੰਮਨ।
3. ਜਿਵੇਂ ਕਿ ਕਾਨੂੰਨ ਦੁਆਰਾ ਅਧਿਕਾਰ ਦਿੱਤਾ ਗਿਆ ਹੈ, ਇਸ ਨੂੰ ਯੂ.ਐੱਸ. ਇਕਉਲ ਇੰਪਲਾਇਮੈਂਟ ਅਪੌਰਚੂਨਿਟੀ ਕਮਿਸ਼ਨ, ਨੈਸ਼ਨਲ ਲੇਬਰ ਰਿਲੇਸ਼ਨਜ਼ ਬੋਰਡ, ਯੂ.ਐੱਸ. ਲੇਬਰ ਡਿਪਾਰਟਮੈਂਟ, ਯੂ.ਐੱਸ. ਹਾਉਸਿੰਗ ਐਂਡ ਅਰਬਨ ਡਿਵੈਲਪਮੈਂਟ ਵਿਭਾਗ, ਯੂ.ਐੱਸ. ਦਾ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ, ਅਮਰੀਕੀ ਸਿੱਖਿਆ ਵਿਭਾਗ, ਯੂ.ਐੱਸ. ਦਾ ਨਿਆਂ ਵਿਭਾਗ, ਜਾਂ ਕੈਲੀਫੋਰਨੀਆ ਰਾਜ ਸਰਕਾਰ ਦੀ ਕੋਈ ਸ਼ਾਖਾ, ਜਾਂ ਇਸੇ ਅਧਿਕਾਰ ਖੇਤਰ ਵਾਲੀ ਕੋਈ ਹੋਰ ਸਥਾਨਕ ਜਾਂ ਫੈਡਰਲ ਏਜੰਸੀ ਕੋਲ ਟ੍ਰਾਂਸਫ਼ਰ/ ਸਾਂਝਾ ਕੀਤਾ ਗਿਆ ਹੈ।
4. ਸ਼ਿਕਾਇਤ ਦਸਤਾਵੇਜ਼ ਵਿੱਚ ਲੱਗੇ ਦੋਸ਼ਾਂ ਸਮੇਤ, ਗ਼ੈਰ-ਨਿੱਜੀ ਜਾਣਕਾਰੀ ਦਾ ਕੈਲੀਫ਼ੋਰਨੀਆ ਪਬਲਿਕ ਰਿਕਾਰਡਜ਼ ਐਕਟ ਦੇ ਤਹਿਤ ਜਨਤਾ ਨੂੰ ਖੁਲਾਸਾ ਕੀਤਾ ਜਾ ਸਕਦਾ ਹੈ।

## ਤੁਹਾਡੇ ਦੁਆਰਾ ਸਾਨੂੰ ਭੇਜੀ ਜਾਣਕਾਰੀ ਨਾਲ ਕੀ ਹੁੰਦਾ ਹੈ?

ਤੁਹਾਡੇ ਕੋਲੋਂ ਪ੍ਰਾਪਤ ਕੀਤੀ ਨਿੱਜੀ ਜਾਣਕਾਰੀ ਦੀ ਵਰਤੋਂ ਉਨ੍ਹਾਂ ਉਦੇਸ਼ਾਂ ਲਈ ਕੀਤੀ ਜਾਏਗੀ ਜਿਸਦੇ ਲਈ ਇਹ ਪ੍ਰਦਾਨ ਕੀਤੀ ਗਈ ਸੀ: ਤਾਂ ਕਿ ਗ਼ੈਰ-ਕਨੂੰਨੀ ਵਿਤਕਰੇ, ਪਰੇਸ਼ਾਨੀ ਅਤੇ/ਜਾਂ ਬਦਲਾ ਲੈਣ ਦੇ ਦੋਸ਼ਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਅਤੇ ਜਾਂਚ ਕਰਨ ਲਈ DFEH ਦੇ ਯਤਨਾਂ ਨੂੰ ਅੱਗੇ ਵਧਾਇਆ ਜਾ ਸਕੇ। ਇਲੈਕਟ੍ਰਾਨਿਕ ਢੰਗ ਨਾਲ ਇਕੱਠੀ ਕੀਤੀ ਗਈ ਨਿੱਜੀ ਜਾਣਕਾਰੀ ਜੋ ਅਸੀਂ ਸਾਡੀ ਵੈੱਬਸਾਈਟ 'ਤੇ ਕੀਤੇ ਦੌਰਿਆਂ ਬਾਰੇ ਇਕੱਠੀ ਕਰਦੇ ਹਾਂ ਉਸ ਦੀ ਵਰਤੋਂ ਉਪਭੋਗਤਾ ਅਨੁਭਵ ਨੂੰ ਬਿਹਤਰ ਬਣਾਉਣ ਅਤੇ ਸਾਡੀ ਵੈੱਬਸਾਈਟ ਦੇ ਮੁੱਢਲੇ ਵੈੱਬ ਮੀਟ੍ਰਿਕਸ ਲਈ ਸਾਡੀ ਮਦਦ ਕਰਨ ਲਈ ਕੀਤੀ ਜਾਂਦੀ ਹੈ।

## ਲਿੰਕ

ਸਾਡੀ ਵੈੱਬਸਾਈਟ ਵਿੱਚ ਇੰਟਰਨੈੱਟ 'ਤੇ ਹੋਰ ਵੈੱਬਸਾਈਟਾਂ ਲਈ ਲਿੰਕ ਹੋ ਸਕਦੇ ਹਨ ਜਿਨ੍ਹਾਂ ਦੀ ਮਾਲਕੀ ਅਤੇ ਸੰਚਾਲਨ ਤੀਜੀ ਧਿਰਾਂ ਕੋਲ ਹੋ ਸਕਦੇ ਹਨ। DFEH ਇਹਨਾਂ ਵੈੱਬਸਾਈਟਾਂ ਦੀਆਂ ਪਰਦੇਦਾਰੀ ਬਾਰੇ ਨੀਤੀਆਂ ਜਾਂ ਅਭਿਆਸਾਂ ਨੂੰ ਕੰਟਰੋਲ ਨਹੀਂ ਕਰਦਾ ਹੈ। ਤੁਹਾਨੂੰ ਇਹਨਾਂ ਵੈੱਬਸਾਈਟਾਂ ਨੂੰ ਕੋਈ ਨਿੱਜੀ ਜਾਣਕਾਰੀ ਪ੍ਰਦਾਨ ਕਰਨ ਤੋਂ ਪਹਿਲਾਂ ਵੈੱਬਸਾਈਟ ਦੀ ਪੇਸ਼ਕਸ਼ ਕਰਨ ਵਾਲੀ ਤੀਜੀ ਧਿਰ ਦੀਆਂ ਪਰਦੇਦਾਰੀ ਬਾਰੇ ਨੀਤੀਆਂ ਦੀ ਸਮੀਖਿਆ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। DFEH ਲਿੰਕ ਕੀਤੀ ਕਿਸੇ ਵੀ ਤੀਜੀ ਧਿਰ ਦੀ ਵੈੱਬਸਾਈਟ ਦੀ ਸਮੱਗਰੀ ਜਾਂ ਅਭਿਆਸਾਂ ਲਈ ਜ਼ਿੰਮੇਵਾਰ ਨਹੀਂ ਹੈ ਅਤੇ ਅਜਿਹੀ ਤੀਜੀ ਧਿਰ ਦੀਆਂ ਵੈੱਬਸਾਈਟਾਂ ਸਿਰਫ਼ ਸਾਡੇ ਵਿਜ਼ਿਟਰਾਂ ਦੀ ਸਹੂਲਤ ਅਤੇ ਜਾਣਕਾਰੀ ਲਈ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਕੂਕੀਜ਼

ਅਸੀਂ DFEH ਦੀ ਵੈੱਬਸਾਈਟ 'ਤੇ ਬ੍ਰਾਊਜ਼ ਕਰਨ ਵਾਲੇ ਵਿਅਕਤੀਆਂ ਕੋਲੋਂ ਨਾਮ, ਪਤਾ ਅਤੇ ਈਮੇਲ ਵਰਗੀ ਜਾਣਕਾਰੀ ਇਕੱਤਰ ਨਹੀਂ ਕਰਦੇ ਹਾਂ। ਹਾਲਾਂਕਿ, ਜਦੋਂ ਤੁਸੀਂ ਸਾਡੀ ਵੈੱਬਸਾਈਟ 'ਤੇ ਜਾਂਦੇ ਹੋ, ਤੁਹਾਡੇ ਕੰਪਿਊਟਰ 'ਤੇ ਇੱਕ "ਕੂਕੀ" ਨੂੰ ਰੱਖਿਅਤ ਕੀਤਾ ਜਾ ਸਕਦਾ ਹੈ। ਇੱਕ ਕੂਕੀ ਤੁਹਾਡੇ ਬ੍ਰਾਊਜ਼ਰ ਦੁਆਰਾ ਸਟੋਰ ਕੀਤੇ ਗਏ ਡੇਟਾ ਦਾ ਇੱਕ ਛੋਟਾ ਜਿਹਾ ਹਿੱਸਾ ਹੁੰਦਾ ਹੈ ਜੋ ਸਾਡੀ ਵੈੱਬਸਾਈਟ ਦੀ ਵਰਤੋਂ ਕਰਦੇ ਸਮੇਂ ਤੁਹਾਡੇ ਕੰਪਿਊਟਰ ਅਤੇ ਤੁਹਾਡੀਆਂ ਤਰਜੀਹਾਂ ਨੂੰ ਪਛਾਣਨ ਵਿੱਚ ਸਾਡੀ ਸਹਾਇਤਾ ਕਰਦਾ ਹੈ। DFEH ਦੁਆਰਾ ਸਵੈਚਾਲਿਤ ਰੂਪ ਵਿੱਚ ਇਕੱਤਰ ਕੀਤੀ ਗਈ ਜਾਣਕਾਰੀ ਵਿੱਚ ਵਰਤੇ ਜਾਣ ਵਾਲੇ ਬ੍ਰਾਊਜ਼ਰ ਦੀ ਕਿਸਮ, ਸਾਈਟ 'ਤੇ ਵਿਜ਼ਿਟ ਕਰਨ ਦੀ ਮਿਤੀ ਅਤੇ ਸਮਾਂ, ਅਤੇ ਤੁਹਾਡੇ ਦੁਆਰਾ ਵਿਜ਼ਿਟ ਕੀਤੇ ਵੈੱਬ ਪੰਨੇ ਸ਼ਾਮਲ ਹੁੰਦੇ ਹਨ। ਇਹ ਜਾਣਕਾਰੀ ਉਪਭੋਗਤਾ ਦੇ ਤਜ਼ਰਬੇ ਨੂੰ ਸੁਧਾਰਨ ਅਤੇ ਮੁੱਢਲੇ ਵੈੱਬ ਮੀਟ੍ਰਿਕਸ ਲਈ ਇਕੱਠੀ ਕੀਤੀ ਜਾਂਦੀ ਹੈ। ਇਹ ਜਾਣਕਾਰੀ 30 ਦਿਨਾਂ ਬਾਅਦ ਮਿਟਾ ਦਿੱਤੀ ਜਾਂਦੀ ਹੈ। ਕਨੂੰਨ ਦੁਆਰਾ ਇਸ ਕਿਸਮ ਦੀ ਇਲੈਕਟ੍ਰਾਨਿਕ ਜਾਣਕਾਰੀ ਇਕੱਤਰ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਜਨਤਕ ਰਿਕਾਰਡ ਐਕਟ ਦੇ ਤਹਿਤ ਕੀਤੀਆਂ ਬੇਨਤੀਆਂ ਤੋਂ ਛੋਟ ਦਿੱਤੀ ਗਈ ਹੈ।
ਸਾਡੀ ਵੈੱਬਸਾਈਟ ਵਿਜ਼ਿਟ ਕਰਨ ਤੋਂ ਬਾਅਦ ਤੁਸੀਂ ਕੂਕੀ ਨੂੰ ਅਸਵੀਕਾਰ ਕਰ ਸਕਦੇ ਹੋ ਜਾਂ ਆਪਣੇ ਕੰਪਿਊਟਰ ਤੋਂ ਕੂਕੀ ਫਾਈਲ ਨੂੰ ਮਿਟਾ ਸਕਦੇ ਹੋ। ਤੁਸੀਂ ਖਾਸ ਬ੍ਰਾਊਜ਼ਰਾਂ ਲਈ ਵੈੱਬਸਾਈਟਾਂ 'ਤੇ ਕੂਕੀ ਕੰਟਰੋਲ ਪ੍ਰਬੰਧਿਤ ਕਰਨ ਲਈ ਨਿਰਦੇਸ਼ ਪ੍ਰਾਪਤ ਕਰ ਸਕਦੇ ਹੋ। ਉਦਾਹਰਣ ਵਜੋਂ:

- Microsoft Internet Explorer ਬ੍ਰਾਊਜ਼ਰ
- Macintosh Safari ਬ੍ਰਾਊਜ਼ਰ
- Mozilla Firefox ਬ੍ਰਾਊਜ਼ਰ

## ਜਨਤਕ ਖੁਲਾਸਾ

ਕੈਲੀਫੋਰਨੀਆ ਰਾਜ ਵਿੱਚ, ਇਹ ਯਕੀਨੀ ਬਣਾਉਣ ਲਈ ਕਨੂੰਨ ਮੌਜੂਦ ਹਨ ਕਿ ਸਰਕਾਰ ਸਪਸ਼ਟ ਹੈ ਅਤੇ ਜਨਤਾ ਕੋਲ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੇ ਢੁੱਕਵੇਂ ਰਿਕਾਰਡਾਂ ਅਤੇ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਦਾ ਅਧਿਕਾਰ ਹੈ। ਉਸੇ ਸਮੇਂ, ਜਨਤਕ ਰਿਕਾਰਡਾਂ ਤਕ ਪਹੁੰਚ ਕਰਨ ਦੇ ਲੋਕਾਂ ਦੇ ਅਧਿਕਾਰ ਦੇ ਅਪਵਾਦ ਵੀ ਹਨ।

ਇਹ ਅਪਵਾਦ ਵਿਅਕਤੀਆਂ ਦੀ ਪਰਦੇਦਾਰੀ ਨੂੰ ਕਾਇਮ ਰੱਖਣ ਸਮੇਤ ਵੱਖ-ਵੱਖ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਰਾਜ ਅਤੇ ਸੰਘੀ ਦੋਵੇਂ ਕਨੂੰਨ ਅਪਵਾਦ ਪ੍ਰਦਾਨ ਕਰਦੇ ਹਨ। ਇਸ ਸਾਈਟ 'ਤੇ ਇਕੱਠੀ ਕੀਤੀ ਗਈ ਸਾਰੀ ਜਾਣਕਾਰੀ ਇੱਕ ਜਨਤਕ ਰਿਕਾਰਡ ਬਣ ਜਾਂਦੀ ਹੈ ਜੋ ਲੋਕਾਂ ਦੁਆਰਾ ਜਾਂਚ ਅਤੇ ਨਕਲ ਕਰਨ ਦੇ ਅਧੀਨ ਹੋ ਸਕਦੀ ਹੈ, ਜਦੋਂ ਤੱਕ ਕਨੂੰਨ ਵਿਚ ਕੋਈ ਛੋਟ ਮੌਜੂਦ ਨਾ ਹੋਵੇ। ਪਰਦੇਦਾਰੀ ਬਾਰੇ ਨੋਟਿਸ ਅਤੇ ਪਬਲਿਕ ਰਿਕਾਰਡਜ਼ ਐਕਟ ਵਿਚਾਲੇ ਵਿਵਾਦ ਹੋਣ ਦੀ ਸਥਿਤੀ ਵਿੱਚ, ਸੂਚਨਾ ਅਭਿਆਸ ਐਕਟ ਅਤੇ/ਜਾਂ ਰਿਕਾਰਡਾਂ ਦੇ ਖੁਲਾਸੇ ਨੂੰ ਨਿਯੰਤਰਿਤ ਕਰਨ ਵਾਲੇ ਹੋਰ ਕਨੂੰਨ, ਪਬਲਿਕ ਰਿਕਾਰਡਜ਼ ਐਕਟ, ਸੂਚਨਾ ਅਭਿਆਸ ਐਕਟ ਅਤੇ/ਜਾਂ ਹੋਰ ਲਾਗੂ ਕਨੂੰਨ ਕੰਟਰੋਲ ਕਰਨਗੇ।

## ਨਾਬਾਲਗ

ਅਸੀਂ ਪਰਦੇਦਾਰੀ ਦੀ ਰੱਖਿਆ ਕਰਨ ਦੀ ਮਹੱਤਤਾ ਨੂੰ ਪਛਾਣਦੇ ਹਾਂ ਜਿੱਥੇ ਨਾਬਾਲਗ (18 ਸਾਲ ਤੋਂ ਘੱਟ ਉਮਰ ਦਾ ਵਿਅਕਤੀ) ਸ਼ਾਮਲ ਹੁੰਦੇ ਹਨ। ਅਸੀਂ ਨਾਬਾਲਗਾਂ ਦੀ ਪਰਦੇਦਾਰੀ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਾਂ ਅਤੇ ਜਾਣ-ਬੁੱਝ ਕੇ ਨਾਬਾਲਗਾਂ ਤੋਂ ਨਿੱਜੀ ਜਾਣਕਾਰੀ ਇਕੱਠੀ ਨਹੀਂ ਕਰਦੇ ਜਾਂ ਆਪਣੀ ਵੈੱਬਸਾਈਟ ਰਾਹੀਂ ਨਾਬਾਲਗਾਂ ਦੀਆਂ ਪ੍ਰੋਫਾਈਲਾਂ ਨਹੀਂ ਬਣਾਉਂਦੇ ਹਾਂ। ਉਪਭੋਗਤਾਵਾਂ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ, ਹਾਲਾਂਕਿ, ਔਨਲਾਈਨ ਜਾਂ ਈਮੇਲ ਵਿੱਚ ਸਪੁਰਦ ਕੀਤੀ ਗਈ ਨਿੱਜੀ ਜਾਣਕਾਰੀ ਦਾ ਸੰਗ੍ਰਹਿ ਕਿਸੇ ਬਾਲਗ ਦੁਆਰਾ ਸਪੁਰਦ ਕੀਤਾ ਗਿਆ ਮੰਨਿਆ ਜਾਵੇਗਾ। ਜਦੋਂ ਵੀ ਨਾਬਾਲਗਾਂ ਨੂੰ ਨਿੱਜੀ ਜਾਣਕਾਰੀ ਔਨਲਾਈਨ ਮੁਹੱਈਆ ਕਰਨ ਲਈ ਕਿਹਾ ਜਾਂਦਾ ਹੈ ਉਸ ਵੇਲੇ DFEH ਮਾਪਿਆਂ, ਸਰਪ੍ਰਸਤਾਂ ਅਤੇ ਬਾਲਗਾਂ ਨੂੰ ਉਨ੍ਹਾਂ ਦੇ ਬੱਚਿਆਂ ਜਾਂ ਹੋਰ ਨਾਬਾਲਗਾਂ ਦੀਆਂ ਇੰਟਰਨੈੱਟ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਅਤੇ ਸੇਧ ਪ੍ਰਦਾਨ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਕਰਦਾ ਹੈ ਜਿਨ੍ਹਾਂ ਲਈ ਉਹ ਜ਼ਿੰਮੇਵਾਰ ਹੁੰਦੇ ਹਨ। ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨਾਬਾਲਗ ਨੇ ਸਾਨੂੰ ਨਿਜੀ ਜਾਣਕਾਰੀ ਪ੍ਰਦਾਨ ਕੀਤੀ ਹੈ, ਤਾਂ ਅਸੀਂ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਸਾਡੇ ਨਾਲ 1-800-884-1684 'ਤੇ ਸੰਪਰਕ ਕਰਨ ਲਈ ਕਹਿੰਦੇ ਹਾਂ।

## ਸੁਰੱਖਿਆ

DFEH ਨੇ ਤੁਹਾਡੀ ਜਾਣਕਾਰੀ ਨੂੰ ਅਣਅਧਿਕਾਰਤ ਪਹੁੰਚ, ਖੁਲਾਸੇ ਅਤੇ ਨੁਕਸਾਨ ਤੋਂ ਬਚਾਉਣ ਲਈ ਸੁਰੱਖਿਆ ਉਪਾਅ ਕੀਤੇ ਹਨ। ਸਾਡੀ ਨੀਤੀ ਉਨ੍ਹਾਂ ਕਰਮਚਾਰੀਆਂ ਲਈ ਨਿੱਜੀ ਜਾਣਕਾਰੀ ਦੀ ਪਹੁੰਚ ਨੂੰ ਸੀਮਿਤ ਕਰਦੀ ਹੈ ਜਿਨ੍ਹਾਂ ਨੂੰ ਨਿੱਜੀ ਜਾਣਕਾਰੀ ਲਈ ਸਥਾਪਿਤ ਕਾਰੋਬਾਰੀ ਲੋੜ ਹੁੰਦੀ ਹੈ ਜਿਨ੍ਹਾਂ ਵਿੱਚ ਤੁਹਾਡੀ ਸ਼ਿਕਾਇਤ ਦਾਇਰ ਕਰਨ, ਪੜਤਾਲ ਕਰਨ, ਹੱਲ ਕਰਨ ਅਤੇ / ਜਾਂ ਮੁਕੱਦਮੇਬਾਜ਼ੀ ਕਰਨ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਵਿਅਕਤੀ ਹੁੰਦੇ ਹਨ।

DFEH ਦੇ ਅੰਦਰ ਭੌਤਿਕ ਰੂਪ 'ਤੇ ਸਥਿਤ ਜਾਣਕਾਰੀ ਨੂੰ ਕਈ ਸੁਰੱਖਿਆ ਉਪਾਵਾਂ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ, ਜਿਸ ਵਿੱਚ ਸੰਚਾਰਨ ਅਤੇ ਸਟੋਰੇਜ ਦੌਰਾਨ ਕਿਸੇ ਵਿਅਕਤੀ ਦੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਨੂੰ ਰੱਖਿਅਤ ਕਰਨ ਲਈ ਐਨਕ੍ਰਿਪਸ਼ਨ ਸੌਫ਼ਟਵੇਅਰ ਦੀ ਵਰਤੋਂ ਸ਼ਾਮਲ ਹੋ ਸਕਦੀ ਹੈ। DFEH ਦੀ ਰਿਕਾਰਡ ਰੱਖਣ ਦੀ ਨੀਤੀ ਦੇ ਅਨੁਸਾਰ ਨਿੱਜੀ ਜਾਣਕਾਰੀ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ, ਅਤੇ ਅਸੀਂ ਸਿਰਫ਼ ਆਪਣੇ ਕਾਰੋਬਾਰ ਦੀ ਜ਼ਰੂਰਤ ਨੂੰ ਪੂਰਾ ਕਰਨ ਤੱਕ ਇਨ੍ਹਾਂ ਰਿਕਾਰਡਾਂ ਨੂੰ ਰੱਖਦੇ ਹਾਂ। ਅਸੀਂ ਆਪਣੇ ਕਰਮਚਾਰੀਆਂ ਨੂੰ ਸਾਡੇ ਰਾਹੀਂ ਇਕੱਠੀ ਕੀਤੀ ਗਈ ਨਿੱਜੀ ਜਾਣਕਾਰੀ ਦੀ ਕਾਰਜ ਪ੍ਰਣਾਲੀ ਅਤੇ ਪ੍ਰਬੰਧਨ ਦੇ ਨਾਲ-ਨਾਲ ਸਾਵਧਾਨੀਆਂ ਵਰਤਣ ਅਤੇ ਨਿੱਜੀ ਜਾਣਕਾਰੀ ਨੂੰ ਜਾਰੀ ਕਰਨ ਨਾਲ ਸੰਬੰਧਿਤ ਸੀਮਾਵਾਂ ਦਾ ਪਾਲਣ ਕਰਨ 'ਤੇ ਸਿਖਲਾਈ ਦਿੰਦੇ ਹਾਂ।

## ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਅਤੇ ਸੁਧਾਰ

ਤੁਹਾਡੇ ਕੋਲ ਉਸ ਕਿਸੀ ਵੀ ਨਿੱਜੀ ਜਾਣਕਾਰੀ ਦੀ ਸਮੀਖਿਆ ਕਰਨ ਦਾ ਅਧਿਕਾਰ ਹੈ ਜੋ ਅਸੀਂ ਤੁਹਾਡੇ ਬਾਰੇ ਇਕੱਠੀ ਕਰਦੇ ਹਾਂ। ਜੇਕਰ ਤੁਸੀਂ DFEH ਰਾਹੀਂ ਤੁਹਾਡੇ ਬਾਰੇ ਇਕੱਠੀ ਕੀਤੀ ਗਈ ਨਿੱਜੀ ਜਾਣਕਾਰੀ ਦੇ ਸਾਰੇ ਜਾਂ ਕਿਸੇ ਹਿੱਸੇ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਤੁਹਾਨੂੰ ਬੇਨਤੀ ਕੀਤੀ ਗਈ ਨਿੱਜੀ ਜਾਣਕਾਰੀ ਪ੍ਰਦਾਨ ਕਰਾਂਗੇ ਅਤੇ ਦੱਸਾਂਗੇ ਕਿ ਅਸੀਂ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ। ਤੁਸੀਂ ਗ਼ਲਤੀ ਨੂੰ ਦਰਸਾਉਣ ਵਾਲੀ ਇੱਕ ਲਿਖਤੀ ਬੇਨਤੀ ਸਪੁਰਦ ਕਰਵਾ ਕੇ ਆਪਣੀ ਉਸ ਨਿੱਜੀ ਜਾਣਕਾਰੀ ਵਿੱਚ ਤਬਦੀਲੀਆਂ ਕਰਨ ਲਈ ਬੇਨਤੀ ਕਰ ਸਕਦੇ ਹੋ ਜੋ ਤੁਹਾਨੂੰ ਗ਼ਲਤ ਲੱਗਦੀ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਉਨ੍ਹਾਂ ਉਦੇਸ਼ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਕੀਤੀ ਜਾ ਰਹੀ ਹੈ ਜਿਨ੍ਹਾਂ ਲਈ ਤੁਸੀਂ ਇਸਨੂੰ ਸੌਂਪਿਆ ਸੀ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਤਾਂ ਜੋ ਅਸੀਂ ਇਸ ਦੁਰਵਰਤੋਂ ਨੂੰ ਸੁਧਾਰ ਸਕੀਏ। ਹਰੇਕ ਸਥਿਤੀ ਵਿੱਚ, ਅਸੀਂ ਪਹੁੰਚ ਪ੍ਰਦਾਨ ਕਰਨ ਜਾਂ ਸ਼ੁੱਧੀਆਂ ਕਰਨ ਤੋਂ ਪਹਿਲਾਂ ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਲਈ ਢੁੱਕਵੇਂ ਕਦਮ ਉਠਾਵਾਂਗੇ।

## ਜੇਕਰ ਇਸ ਨੀਤੀ ਨਾਲ ਸੰਬੰਧਿਤ ਤੁਹਾਡਾ ਕੋਈ ਸਵਾਲ ਹੋਵੇ ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ

ਜੇਕਰ ਇਸ ਪਰਦੇਦਾਰੀ ਨੋਟਿਸ ਵਿੱਚ ਦਿੱਤੀ ਗਈ ਜਾਣਕਾਰੀ ਬਾਰੇ ਤੁਹਾਡਾ ਕੋਈ ਸਵਾਲ ਜਾਂ ਮੁੱਦਾ ਹੋਵੇ, ਤਾਂ ਤੁਸੀਂ ਇੱਥੇ ਸੰਪਰਕ ਕਰ ਸਕਦੇ ਹੋ:

DFEH ਗੋਪਨੀਯਤਾ ਅਧਿਕਾਰੀ

2218 Kausen Drive, Suite 100
Elk Grove, CA 95758
1-800-884-1684

## ਸਾਡੀ ਪਰਦੇਦਾਰੀ ਬਾਰੇ ਨੀਤੀ ਵਿੱਚ ਬਦਲਾਵ

ਅਸੀਂ ਆਪਣੀ ਪਰਦੇਦਾਰੀ ਬਾਰੇ ਨੀਤੀ ਨੂੰ ਅੱਪਡੇਟ ਅਤੇ ਸੰਸ਼ੋਧਿਤ ਕਰ ਸਕਦੇ ਹਾਂ। ਅਸੀਂ ਪਰਦੇਦਾਰੀ ਬਾਰੇ ਨੀਤੀ ਵਿੱਚ ਕਿਸੇ ਵੀ ਤਬਦੀਲੀ ਨੂੰ ਇਸ ਪੰਨੇ 'ਤੇ ਪੋਸਟ ਕਰਾਂਗੇ ਅਤੇ, ਜੇਕਰ ਤਬਦੀਲੀਆਂ ਮਹੱਤਵਪੂਰਨ ਹੋਣ, ਤਾਂ ਅਸੀਂ ਇੱਕ ਹੋਰ ਜ਼ਰੂਰੀ ਸੂਚਨਾ ਪ੍ਰਦਾਨ ਕਰਾਂਗੇ।

## ਲਾਗੂ ਕਰਨ ਦੀ ਮਿਤੀ

1 ਜਨਵਰੀ, 2017